Ontario

ਪਿਛੋਕੜ

ਵਿੱਤ ਮੰਤਰਾਲਾ (Ministry of Finance)

# ਵਾਹਨ ਬੀਮਾ ਉਦਯੋਗ ਵਿੱਚ ਓਨਟੈਰੀਓ ਦੇ ਡ੍ਰਾਈਵਰਾਂ ਦੀ ਰੱਖਿਆ ਕਰਨੀ ਅਤੇ ਲਾਗਤਾਂ ਘਟਾਉਣੀਆਂ

23 ਅਗਸਤ 2013

ਉਪਭੋਗਤਾਵਾਂ ਦੀ ਰੱਖਿਆ ਕਰਨ ਅਤੇ ਵਾਹਨ ਬੀਮਾ ਤੇ ਉਹਨਾਂ ਦੇ ਪੈਸੇ ਬਚਾਉਣ ਵਿੱਚ ਮਦਦ ਕਰਨ ਲਈ ਓਨਟੈਰੀਓ ਲਗਾਤਾਰ ਕਾਰਵਾਈ ਕਰ ਰਿਹਾ ਹੈ।

ਵਾਹਨ ਬੀਮਾ ਦੀ ਲਾਗਤ ਅਤੇ ਰੇਟ ਨੂੰ ਘਟਾਉਣ ਦੀ ਰਣਨੀਤੀ (Auto Insurance Cost and Rate Reduction Strategy) ਦੇ ਹਿੱਸੇ ਵੱਜੋਂ, ਓਨਟੈਰੀਓ ਹੇਠਾਂ ਲਿਖੇ ਦੇ ਦੁਆਰਾ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਰਿਹਾ ਹੈ ਕਿ ਵਾਹਨ ਬੀਮਾ ਪ੍ਰਣਾਲੀ ਵਿੱਚ ਲਾਗਤਾਂ ਨੂੰ ਘਟਾਉਣ ਦਾ ਫਾਇਦਾ ਉਪਭੋਗਤਾਵਾਂ ਤਕ ਪਹੁੰਚਾਇਆ ਜਾਵੇ:

- ਓਨਟੈਰੀਓ ਦੇ ਵਿੱਤੀ ਸੇਵਾਵਾਂ ਦੇ ਕਮਿਸ਼ਨ (Financial Services Commission of Ontario - FSCO) ਦੇ ਸੁਪਰਡੈਂਟ ਨੂੰ ਅਧਿਕਾਰ ਦੇਣਾ ਕਿ ਉਹ ਬੀਮਾ ਕਰਨ ਵਾਲਿਆਂ ਤੋਂ ਦੁਬਾਰਾ ਰੇਟ ਜਮ੍ਹਾਂ ਕਰਾਉਣ ਦੀ ਮੰਗ ਕਰੇ।
- ਸੁਪਰਡੈਂਟ ਦੀਆਂ ਸੇਧਾਂ ਬਣਾਉਣੀਆਂ, ਜਿਨ੍ਹਾਂ ਨੂੰ ਹਵਾਲੇ ਦੁਆਰਾ ਕਾਨੂੰਨੀ ਦੁਰਘਟਨਾ ਬੈਨਿਫ਼ਿਟ ਅਨੁਸੂਚੀ (Statutory Accident Benefits Schedule) ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਅਤੇ ਜੋ ਅਣਉਮੀਦੀਆਂ ਲਾਗਤਾਂ ਤੋਂ ਬਚਣ ਵਿੱਚ ਮਦਦ ਲਈ ਬੰਧਨਕਾਰੀ ਹੁੰਦੀਆਂ ਹਨ।
- ਸੁਪਰਡੈਂਟ ਦੀਆਂ ਤਫ਼ਤੀਸ਼ਾਂ ਅਤੇ ਲਾਗੂਕਰਣ ਅਥਾਰਿਟੀ ਨੂੰ ਵਧਾਉਣਾ ਅਤੇ ਆਧੁਨਿਕ ਬਣਾਉਣਾ, ਖਾਸ ਕਰਕੇ ਧੋਖਾ-ਧੜੀ ਨੂੰ ਰੋਕਣ ਦੇ ਖੇਤਰ ਵਿੱਚ।

FSCO ਦੁਆਰਾ ਰੇਟ ਵਿੱਚ ਪਹਿਲੀ ਪ੍ਰਵਾਨਿਤ ਕਮੀ ਦੀ ਰਿਪੋਰਟ ਜਨਵਰੀ 2014 ਵਿੱਚ ਦਿੱਤੀ ਜਾਵੇਗੀ। ਇਸ ਦੁਆਰਾ ਸਥਾਪਿਤ ਕੀਤੇ ਗਏ ਸਾਰੇ ਉਪਾਵਾਂ ਦੇ ਨਾਲ, ਸਰਕਾਰ ਉਮੀਦ ਕਰਦੀ ਹੈ ਕਿ ਪਹਿਲੀ ਰਿਪੋਰਟ ਰੇਟ ਵਿੱਚ ਪ੍ਰਵਾਨਿਤ ਔਸਤਨ ਤਿੰਨ ਤੋਂ ਪੰਜ ਪ੍ਰਤਿਸ਼ਤ ਦੀ ਪ੍ਰਵਾਨਿਤ ਕਮੀ ਦਿਖਾਏਗੀ।

**ਓਨਟੈਰੀਓ ਦੇ ਵਾਹਨ ਬੀਮਾ ਵਿੱਚ ਅਸਲ, ਸਕਾਰਾਤਮਕ ਤਬਦੀਲੀ ਲਿਆਉਣੀ**

2003-04 ਵਿੱਚ, ਸਰਕਾਰ ਨੇ ਦਾ ਆਪਣਾ ਪਹਿਲਾ ਪੈਕੇਜ ਸ਼ੁਰੂ ਕੀਤਾ। ਉ

**ਚੋਣ ਪੇਸ਼ ਕਰਨ ਅਤੇ ਡ੍ਰਾਈਵਰਾਂ ਦਾ ਪੈਸਾ ਬਚਾਉਣ ਲਈ ਵਾਹਨ ਬੀਮਾ ਵਿੱਚ ਸੁਧਾਰ ਕਰਨੇ**

ਸਤੰਬਰ 2010 ਵਿੱਚ, ਸਰਕਾਰ ਨੇ ਕਲੇਮਾਂ ਦੀ ਲਾਗਤ ਤੇ ਧਿਆਨ ਦੇਣ ਲਈ ਓਨਟੈਰੀਓ ਦੀ ਵਾਹਨ ਬੀਮਾ ਪ੍ਰਣਾਲੀ ਵਿੱਚ ਸੁਧਾਰਾਂ ਦਾ ਆਪਣਾ ਦੂਜਾ ਵੱਡਾ ਪੈਕੇਜ ਸ਼ੁਰੂ ਕੀਤਾ। ਇਹਨਾਂ ਸੁਧਾਰਾਂ ਨੇ ਲਾਗਤਾਂ ਘਟਾਈਆਂ, ਉਪਭੋਗਤਾ ਦੀ ਚੋਣ ਵਿੱਚ ਵਾਧਾ ਕੀਤਾ ਅਤੇ ਯਕੀਨੀ ਬਣਾਇਆ ਕਿ ਉਪਭੋਗਤਾਵਾਂ ਨੂੰ ਲੋੜੀਂਦੀ ਡਾਕਟਰੀ ਇਲਾਜ ਤਕ ਜਲਦ ਪਹੁੰਚ ਮਿਲੇ। ਇਹਨਾਂ ਨੇ ਪ੍ਰਣਾਲੀ ਦੇ ਅੰਦਰ ਪ੍ਰਸ਼ਾਸਨੀ ਅਤੇ ਦੂਜੀ ਪ੍ਰਕਿਰਿਆ ਦੇ ਬੋਝ ਨੂੰ ਵੀ ਸਰਲ ਬਣਾਇਆ ਜਿਸ ਨਾਲ ਯਕੀਨੀ ਬਣਾਇਆ ਜਾ ਸਕੇ ਕਿ ਵਾਹਨ ਦੁਰਘਟਨਾ ਵਿੱਚ ਜਖਮੀ ਹੋਣ ਵਾਲਿਆਂ ਨੂੰ ਲੋੜੀਂਦੇ ਇਲਾਜ ਤਕ ਤੇਜ਼ ਪਹੁੰਚ ਮਿਲੇ।

ਇਸ ਤਬਦੀਲੀ ਦੇ ਨਾਲ, ਡ੍ਰਾਈਵਰਾਂ ਦਾ ਵਾਹਨ ਬੀਮਾ ਪ੍ਰੀਮਿਅਮ ਘਟਾਉਣ ਵਿੱਚ ਮਦਦ ਲਈ ਹੁਣ ਵਾਹਨ ਬੀਮਾ ਕਵਰੇਜ ਦਾ ਨਵਾਂ ਮਿਆਰੀ ਪੱਧਰ ਪੇਸ਼ ਕੀਤਾ ਜਾਂਦਾ ਹੈ ਅਤੇ ਉਹ ਡਾਕਟਰੀ ਅਤੇ ਪੁਨਰਵਾਸ ਕਵਰੇਜ ਦੇ ਵਾਧੂ ਪੱਧਰ ਖਰੀਦ ਸਕਦੇ ਹਨ। ਇਸ ਉਪਾਅ ਨਾਲ ਡ੍ਰਾਈਵਰ ਅਜਿਹੀ ਕਵਰੇਜ ਖਰੀਦ ਸਕਦੇ ਹਨ ਜੋ ਉਹਨਾਂ ਦੀਆਂ ਵਿਅਕਤੀਗਤ ਸੁਰੱਖਿਆ ਦੀਆਂ ਲੋੜਾਂ ਅਤੇ ਬਜਟ ਨੂੰ ਸਭ ਤੋਂ ਚੰਗੀ ਤਰ੍ਹਾਂ ਨਾਲ ਪੂਰਾ ਕਰਦੀ ਹੈ, ਅਤੇ ਨਾਲ ਹੀ ਓਨਟੈਰੀਓ ਵਿੱਚ ਬੀਮੇ ਦੀ ਪ੍ਰੀਮਿਅਮਾਂ ਨੂੰ ਸਥਿਰ ਕਰਦੀ ਹੈ।

ਸੁਧਾਰ ਵਿੱਚ ਸ਼ਾਮਲ ਸਨ:

- ਡਾਕਟਰੀ ਅਤੇ ਪੁਨਰਵਾਸ ਬੈਨਿਫ਼ਿਟਾਂ, ਸਹਾਇਕ ਦੁਆਰਾ ਦੇਖਭਾਲ, ਘਰ ਦੀ ਸਾਂਭ-ਸੰਭਾਲ ਅਤੇ ਘਰ ਦੇ ਰੱਖ-ਰਖਾਵ ਦੇ ਖਰਚੇ, ਦੇਖਭਾਲ ਕਰਨ ਵਾਲੇ ਦੇ ਬੈਨਿਫ਼ਿਟ, ਨੁਕਸਾਨ ਲਈ ਮੁਆਵਜ਼ਾ ਅਤੇ ਸੰਪਤੀ ਨੂੰ ਨੁਕਸਾਨ ਲਈ ਮੁਆਵਜ਼ਾ ਵਿੱਚ ਚੋਣਾਂ ਦੀ ਵਿਸਤ੍ਰਿਤ ਰੇਂਜ ਪੇਸ਼ ਕਰਨੀ।
- ਅਨੁਮਾਨ ਮੁਹੱਈਆ ਕਰਦੇ ਸਮੇਂ ਕ੍ਰੈਡਿਟ ਸਕੋਰਿੰਗ, ਦੇਰੀਆਂ ਅਤੇ ਦੂਜੀਆਂ ਪ੍ਰਸ਼ਨਯੋਗ ਸਕਰੀਨਿੰਗ ਤਕਨੀਕਾਂ ਦੀ ਵਰਤੋਂ ਤੇ ਮਨਾਹੀ ਨੂੰ ਮਜ਼ਬੂਤ ਬਣਾ ਕੇ ਉਪਭੋਗਤਾਵਾਂ ਦੀ ਰੱਖਿਆ ਕਰਨੀ।
- ਲੈਣ-ਦੇਣ ਦੀਆਂ ਲਾਗਤਾਂ ਨੂੰ ਘਟਾਉਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਵਧੇਰੇ ਦੁਰਘਟਨਾ ਬੈਨਿਫ਼ਿਟ ਦੁਰਘਟਨਾ ਤੋਂ ਪੀੜਤਾਂ ਦੇ ਇਲਾਜ ਵਿੱਚ ਜਾਂਦੇ ਹਨ, ਪ੍ਰਕਿਰਿਆਵਾਂ ਦੀ ਸੰਖਿਆ ਨੂੰ ਸਰਲ ਬਣਾਉਣਾ।

ਸੁਧਾਰਾਂ ਦੇ ਨਤੀਜੇ ਵੱਜੋਂ, ਲਾਗਤਾਂ ਨੂੰ ਘਟਾਇਆ ਗਿਆ ਸੀ ਅਤੇ ਰੇਟਾਂ ਨੂੰ ਸਥਿਰ ਕੀਤਾ ਗਿਆ ਸੀ।

ਅੱਗੇ ਵਧਦੇ ਹੋਏ, ਸਰਕਾਰ ਨਿਯੰਤ੍ਰਕ ਨੂੰ ਇਸ ਸਾਲ ਛੋਟੀ ਸੱਟ ਦੇ ਇਲਾਜ ਲਈ ਪ੍ਰੋਟੋਕੋਲ (Minor Injury Treatment Protocol) ਪ੍ਰੋਜੈਕਟ ਵਿੱਚ ਤਰੱਕੀ ਤੇ ਅੰਤਰਿਮ ਰਿਪੋਰਟ ਮੁਹੱਈਆ ਕਰਨ ਦਾ ਨਿਰਦੇਸ਼ ਦੇ ਕੇ, ਵਾਹਨ ਬੀਮਾ ਬੈਨਿਫਿਟਾਂ ਨੂੰ ਡਾਕਟਰੀ ਸਬੂਤ ਤੇ ਅਧਾਰਤ ਕਰਨ ਦੇ ਵਿਚਾਰ ਕਰਨਾ ਜਾਰੀ ਰੱਖੇਗੀ।

ਸਰਕਾਰ ਕਾਨੂੰਨੀ ਦੁਰਘਟਨਾ ਬੈਨਿਫ਼ਿਟ ਅਨੁਸੂਚੀ (Statutory Accident Benefits Schedule) ਵਿੱਚ ਤਬਾਹਕਾਰੀ ਕਮਜ਼ੋਰੀ ਦੀ ਪਰਿਭਾਸ਼ਾ ਨੂੰ ਸੋਧਣ ਲਈ ਆਪਣਾ ਅਧਿਐਨ ਵੀ ਪੂਰਾ ਕਰੇਗੀ।

ਇਸ ਤੋਂ ਇਲਾਵਾ, ਸਰਕਾਰ ਸੁਰੱਖਿਅਤ ਡ੍ਰਾਈਵਿੰਗ ਨੂੰ ਇਨਾਮ ਦੇਣ ਅਤੇ ਪ੍ਰੀਮਿਅਮ ਦੀਆਂ ਲਾਗਤਾਂ ਨੂੰ ਘਟਾਉਣ ਲਈ ਨਵੇਂ ਉਪਾਵਾਂ ਦੀ ਜਾਂਚ-ਪੜਤਾਲ ਕਰਨਾ ਜਾਰੀ ਰੱਖੇਗੀ।

**ਵਾਹਨ ਬੀਮਾ ਧੋਖਾ-ਧੜੀ ਵਿਰੋਧੀ  ਟਾਸਕ ਫੋਰਸ**

ਓਨਟੈਰੀਓ ਦੀ ਵਾਹਨ ਬੀਮਾ ਧੋਖਾ-ਧੜੀ ਵਿਰੋਧੀ ਟਾਸਕ ਫੋਰਸ ਦੀ ਘੋਸ਼ਣਾ 2011 ਦੇ ਬਜਟ ਵਿੱਚ ਕੀਤੀ ਗਈ ਸੀ। ਟਾਸਕ ਫੋਰਸ ਜੁਲਾਈ 2011 ਵਿੱਚ ਸਥਾਪਿਤ ਕੀਤੀ ਗਈ ਸੀ ਅਤੇ ਇਸ ਨੇ ਆਪਣੀ ਆਖਰੀ ਰਿਪੋਰਟ ਸਰਕਾਰ ਕੋਲ ਨਵੰਬਰ 2012 ਵਿੱਚ ਜਮ੍ਹਾਂ ਕੀਤੀ।

ਜਨਵਰੀ 2013 ਵਿੱਚ ਸਰਕਾਰ ਨੇ ਟਾਸਕ ਫੋਰਸ ਦੁਆਰਾ ਪ੍ਰਸਤਾਵਿਤ ਕੁਝ ਸੁਧਾਰਾਂ ਤੇ ਧਿਆਨ ਦੇਣ ਅਤੇ ਧੋਖਾ-ਧੜੀ ਨਾਲ ਲੜਨ ਅਤੇ ਉਪਭੋਗਤਾਵਾਂ ਦੀ ਰੱਖਿਆ ਕਰਨ ਲਈ ਕੀਤੀਆਂ ਸ਼ੁਰੂਆਤੀ ਕਾਰਵਾਈਆਂ ਨੂੰ ਅੱਗੇ ਵਧਾਉਣ ਲਈ ਸ਼ੁਰੂਆਤੀ ਕਾਰਵਾਈ ਕੀਤੀ।

ਇਹਨਾਂ ਸੁਧਾਰਾਂ ਨਾਲ ਹੇਠਾਂ ਦਿੱਤੇ ਦੇ ਦੁਆਰਾ ਵਾਹਨ ਬੀਮਾ ਦੀਆਂ ਧੋਖਾ-ਧੜੀਆਂ ਨੂੰ ਰੋਕਣ ਅਤੇ ਉਪਭੋਗਤਾਵਾਂ ਦੀ ਰੱਖਿਆ ਕਰਨ ਵਿੱਚ ਮਦਦ ਮਿਲੇਗੀ:

- ਬੀਮਾ ਕਰਨ ਵਾਲਿਆਂ ਤੋਂ ਮੰਗ ਕਰਨੀ ਕਿ ਉਹ ਕਲੇਮ ਕਰਨ ਵਾਲੇ ਨੂੰ ਕਲੇਮ ਮਨ੍ਹਾਂ ਕਰਨ ਦੇ ਸਾਰੇ ਕਾਰਨ ਦੱਸਣ।
- ਕਲੇਮ ਕਰਨ ਵਾਲਿਆਂ ਨੂੰ, ਉਹਨਾਂ ਵੱਲੋਂ ਭੁਗਤਾਨ ਕੀਤੇ ਗਏ ਬੈਨਿਫ਼ਿਟਾਂ ਦੀ ਮਹੀਨੇ ਵਿੱਚ ਦੋ ਵਾਰ ਵਿਸਤ੍ਰਿਤ ਸਟੇਟਮੈਂਟ ਦੇਣੀ।
- ਕਲੇਮ ਕਰਨ ਵਾਲਿਆਂ ਤੋਂ ਮੰਗ ਕਰਨੀ ਕਿ ਉਹ ਹੈਲਥ ਕਲੀਨਿਕਾਂ ਵਿੱਚ ਹਾਜ਼ਰੀ ਦੀ ਪੁਸ਼ਟੀ ਕਰਨ।
- ਚੀਜ਼ਾਂ ਅਤੇ ਸੇਵਾਵਾਂ ਲਈ ਲੋੜ ਤੋਂ ਵੱਧ ਮੁੱਲ ਲੈਣ ਵਾਸਤੇ ਪ੍ਰਦਾਤਾਵਾਂ ਨੂੰ ਸਜ਼ਾ ਦੇਣੀ।
- ਪ੍ਰਦਾਤਾਵਾਂ ਤੇ ਉਪਭੋਗਤਾਵਾਂ ਦੁਆਰਾ ਖਾਲੀ ਕਾਗਜ਼ਾਂ ਤੇ ਦਸਤਖਤ ਕਰਵਾਉਣ ਦੀ ਮੰਗ ਕਰਨ ਤੇ ਰੋਕ ਲਗਾਉਣੀ।

---

Andrew Chornenky, ਮੰਤਰੀ ਦਾ ਆਫ਼ਿਸ (Minister's Office), 416-325-8679
Marc Pichette, ਵਿੱਤ ਮੰਤਰਾਲਾ (Ministry of Finance), 416-314-1587